# ਰਾਗ - ਕਲਿਆਣ (ਯਮਨ)

- ਰਾਗ ਕਲਿਆਣ ਦੀ ਰਚਨਾ ਆਪਣੇ ਹੀ ਨਾਂ ਵਾਲੇ ਥਾਟ ਕਲਿਆਣ ਤੋਂ ਹੋਈ ਹੈ।
- ਇਸ ਰਾਗ ਵਿਚ ਮਧਿਅਮ (ਮੇ) ਤੀਵਰ ਹੈ ਅਤੇ ਬਾਕੀ ਸਵਰ ਸ਼ੁੱਧ ਹਨ।
- ਇਸ ਰਾਗ ਦਾ ਵਾਦੀ ਸਵਰ ਗੰਧਾਰ (ਗ) ਅਤੇ ਸੰਵਾਦੀ ਸਵਰ ਨਿਸ਼ਾਦ (ਨੀ) ਹੈ।
- ਇਸ ਰਾਗ ਦਾ ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ।
- ਆਰੋਹ ਅਤੇ ਅਵਰੋਹ ਦੋਨਾਂ ਵਿੱਚ ਸਤ ਸਵਰ ਪ੍ਰਯੋਗ ਹੁੰਦੇ ਹਨ, ਇਸ ਲਈ ਇਸ ਦੀ ਜਾਤੀ ਸੰਪੂਰਨ ਹੈ।

**ਆਰੋਹ**

ਸ ਰੇ ਗ, ਮੇ ਪ ; ਧ ਨੀ ਸਂ

ਜਾਂ

ਨ਼ੀ ਰੇ ਗ ਮੇ ਧ ਨੀ ਸਂ।

**ਅਵਰੋਹ**

ਸਂ ਨੀ ਧ ਪ, ਮੇ ਗ ਰੇ ਸ।

**ਪਕੜ**

ਨ਼ਿ ਰੇ ਗ ਰੇ, ਪ ਰੇ, ਨ਼ੀ ਰੇ ਸ।

**ਵਿਸ਼ੇਸ਼ਤਾਵਾਂ**

1. ਮੁਸਲਮਾਨਾਂ ਨੇ ਇਸ ਨੂੰ ਯਮਨ ਜਾਂ ਈਮਨ ਕਹਿਣਾ ਸ਼ੁਰੂ ਕੀਤਾ, ਪਰ ਇਸ ਦਾ ਪ੍ਰਾਚੀਨ ਨਾਂ ਕਲਿਆਣ ਹੈ।
2. ਕਲਿਆਣ ਰਾਗ ਤੋਂ ਹੀ ਇਕ ਨਵੀਨ ਰਾਗ ਯਮਨ ਕਲਿਆਣ ਬਣਾਇਆ ਗਿਆ। ਗਿਆ, ਜਿਸ ਵਿਚ ਦੋਨੋਂ ਮਧਿਅਮ ਦਾ ਪ੍ਰਯੋਗ ਕੀਤਾ ਗਿਆ। ਯਮਨ ਕਲਿਆਣ ਵਿਚ ਸ਼ੁੱਧ ਮ ਕੇਵਲ ਅਵਰੋਹ ਵਿਚ ਦੋ ਗੰਧਾਰ ਦੇ ਵਿਚ ਪ੍ਰਯੋਗ ਕੀਤਾ ਜਾਂਦਾ ਹੈ ਜਿਵੇਂ - ਪ ਮੇ ਗ ਮ ਗ ਰੇ, ਨ਼ੀ ਰੇ ਸ। ਆਰੋਹ ਅਵਰੋਹ ਦੋਨਾਂ ਵਿਚ ਤੀਵਰ ਮੇ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ - ਨ਼ੀ ਰੇ ਗ ਮੇ ਪ, ਪ ਮੇ ਗ ਮ ਗ ਰੇ, ਨ਼ੀ ਰੇ ਸ।

Scanned by CamScanner

3. ਕਲਿਆਣ ਦੇ ਕਈ ਪ੍ਰਕਾਰ ਹਨ - ਸ਼ੁੱਧ ਕਲਿਆਣ, ਪੂਰੀਆ ਕਲਿਆਣ, ਜੈਤ ਕਲਿਆਣ ਆਦਿ। ਇਹਨਾਂ ਨਾਮਾਂ ਤੋਂ ਇਹ ਸਪਸ਼ਟ ਹੈ ਕਿ ਕਲਿਆਣ, ਸ਼ੁੱਧ ਅਤੇ ਪ੍ਰਾਚੀਨ ਨਾਂ ਹੈ, ਯਮਨ ਨਹੀਂ।

4. ਇਸ ਰਾਗ ਵਿੱਚ ਨ਼ੀ ਰੇ ਅਤੇ ਪ ਰੇ ਸਵਰ-ਸਮੂਹ ਵਾਰ-ਵਾਰ ਪ੍ਰਯੋਗ ਕੀਤੇ ਜਾਂਦੇ ਹਨ।

5. ਕਲਿਆਣ ਦੀ ਪ੍ਰਕਿਰਤੀ ਗੰਭੀਰ ਹੈ। ਇਸ ਵਿੱਚ ਵੱਡਾ ਅਤੇ ਛੋਟਾ ਖਿਆਲ, ਤਰਾਨਾ, ਧਰੁਪਦ ਤੇ ਮਸੀਤਖਾਨੀ ਅਤੇ ਰਜ਼ਾਖਾਨੀ ਗਤਾਂ ਵੀ ਗਾਈਆਂ-ਵਜਾਈਆਂ ਜਾਂਦੀਆਂ ਹਨ।

6. ਇਸ ਰਾਗ ਦਾ ਚਲਨ ਤਿੰਨਾਂ ਸਪਤਕਾਂ ਵਿੱਚ ਹੁੰਦਾ ਹੈ। ਕੁਝ ਰਾਗ ਅਜਿਹੇ ਵੀ ਹੁੰਦੇ ਹਨ ਜੋ ਕੇਵਲ ਮੱਧ ਅਤੇ ਤਾਰ ਸਪਤਕ ਵਿੱਚ ਗਾਏ ਜਾਂਦੇ ਹਨ, ਪਰ ਕਲਿਆਣ ਰਾਗ ਤਿੰਨਾਂ ਸਪਤਕਾਂ ਵਿੱਚ ਗਾਇਆ ਜਾਂਦਾ ਹੈ।

- ਨਿਆਸ ਦੇ ਸਵਰ - ਸ, ਰੇ, ਗ, ਪ ਅਤੇ ਨੀ
- ਮਿਲਦੇ ਜੁਲਦੇ ਰਾਗ - ਯਮਨ ਕਲਿਆਣ
- ਕਲਿਆਣ - ਨ਼ੀ ਰੇ ਗ ਮੰ ਪ, ਧ ਪ ਮੰ ਗ, ਰੇ ਗ, ਰੇ, ਨ਼ੀ ਰੇ ਸ।
- ਯਮਨ ਕਲਿਆਣ - ਨ਼ੀ ਰੇ ਗ ਮੰ ਪ, ਪ ਮੰ ਗ ਮ ਗ ਰੇ, ਨ਼ੀ ਰੇ ਸ।

Scanned by CamScanner